# <u>ਪ੍ਰੈਸ ਨੋਟ</u>

## ਅਗਵਾਸ਼ੁਦਾ ਵਿਅਕਤੀ 8 ਘੰਟਿਆ ਵਿੱਚ ਬਰਾਮਦ ਅਤੇ ਤਿੰਨ ਦੋਸ਼ੀ ਗ੍ਰਿਫਤਾਰ

ਸ਼੍ਰੀ ਜੇ. ਇਲਨਚੇਲੀਅਨ, ਆਈ.ਪੀ.ਐਸ., ਸੀਨੀਅਰ ਪੁਲਿਸ ਕਪਤਾਨ ਹੁਸ਼ਿਆਰਪੁਰ ਵਲੋਂ ਜਾਰੀ ਪ੍ਰੈਸ ਨੋਟ ਰਾਂਹੀਂ ਦੱਸਿਆ ਕਿ ਮਿਤੀ 13-08-2017 ਨੂੰ ਦੁਪਿਹਰ ਸਮੇਂ 181 ਹੈਲਪਲਾਈਨ ਪਰ ਇੱਕ ਸ਼ਿਕਾਇਤ ਵਲੋਂ ਅਮਰੀਕ ਚੰਦ ਪੁੱਤਰ ਮੋਹਣ ਲਾਲ ਵਾਸੀ ਕਿੰਗਰਾ ਚੋਅ ਵਾਲਾ ਥਾਣਾ ਭੋਗਪੁਰ ਜਿਲਾ ਜਲੰਧਰ ਥਾਣਾ ਮੇਹਟੀਆਣਾ ਵਿਖੇ ਮੌਸੂਲ ਹੋਈ ਕਿ ਮੇਰੇ ਸਾਲੇ ਸੰਤੋਖ ਪੁੱਤਰ ਜਰਨੈਲ ਸਿੰਘ ਵਾਸੀ ਹਾਰਟਾ ਥਾਣਾ ਮੇਹਟੀਆਣਾ ਨੂੰ ਅਣਪਛਾਤੇ ਵਿਅਕਤੀਆਂ ਨੇ ਅਗਵਾ ਕਰ ਲਿਆ ਹੈ ਅਤੇ 5 ਲੱਖ ਰੁਪਏ ਦੀ ਫਿਰੌਤੀ ਦੀ ਮੰਗ ਕਰ ਰਹੇ ਹਨ। ਜਿਸ ਤੇ ਥਾਣਾ ਮੇਹਟੀਆਣਾ ਵਿਚ ਮੁਕੱਦਮਾ ਨੰ: 83 ਮਿਤੀ 13-08-2017 ਅ/ਧ 364-ਏ ਭ:ਦ: ਥਾਣਾ ਮੇਹਟੀਆਣਾ ਜਿਲਾ ਹੁਸਿਆਰਪੁਰ ਦਰਜ ਰਜਿਸ਼ਟਰ ਕਰਕੇ ਐਸ.ਆਈ ਸਰਬਜੀਤ ਸਿੰਘ ਵਲੋਂ ਸਮੇਤ ਪੁਲਿਸ ਪਾਰਟੀ ਮੌਕਾ ਪਰ ਪੁੱਜ ਕੇ ਤੁਰੰਤ ਕਾਰਵਾਈ ਅਮਲ ਵਿਚ ਲਿਆਂਦੀ ਗਈ।

ਜੋ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਸ਼੍ਰੀ ਹਰਪ੍ਰੀਤ ਸਿੰਘ ਮੰਡੇਰ, ਪੁਲਿਸ ਕਪਤਾਨ ਇੰਵੈਸਟੀਗੇਸ਼ਨ, ਸ਼੍ਰੀ ਗੁਰਜੀਤਪਾਲ ਸਿੰਘ ਉਪ ਕਪਤਾਨ ਪੁਲਿਸ, ਇੰਵੈਸਟੀਗੇਸ਼ਨ ਹੁਸ਼ਿਆਰਪੁਰ ਦੀ ਨਿਗਰਾਨੀ ਹੇਠ ਮੁੱਖ ਅਫਸਰ ਥਾਣਾ ਮੇਹਟੀਆਣਾ ਨੂੰ ਦਿਸ਼ਾ ਰਿਨਰਦੇਸ਼ ਦਿੱਤੇ ਗਏ, ਜੋ ਇੰਸਪੈਕਟਰ ਬਿਕਰਮਜੀਤ ਸਿੰਘ ਤੁਰੰਤ ਪਿੰਡ ਹਾਰਟਾ ਮੌਕਾ ਪਰ ਪਹੁੰਚੇ ਜਿਥੇ ਓਸ ਦੀ ਪਤਨੀ ਪਰਮਿੰਦਰ ਕੌਰ ਨੇ ਵੀ ਕਿਹਾ ਕਿ ਨਾਮਾਲੂਮ ਦੋਸ਼ੀਆ ਵੱਲੋਂ ਉਸਦੇ ਪਤੀ ਨੂੰ ਅਗਵਾ ਕਰਕੇ 5 ਲੱਖ ਰੁਪਏ ਦੀ ਮੰਗ ਕੀਤੀ ਜਾ ਰਹੀ ਹੈ। ਇਸ ਸਬੰਧ ਵਿੱਚ ਵੱਖ ਵੱਖ ਪੁਲਿਸ ਪਾਰਟੀਆਂ ਇਲਾਕਾਂ ਥਾਣਾ ਵਿੱਚ ਭੇਜੀਆ ਗਈਆਂ। ਜੋ ਪੁਲਿਸ ਦੀ ਇਲਾਕਾ ਵਿੱਚ ਨਾਕਾਬੰਦੀ ਦਾ ਦਬਾਓ ਹੋਣ ਕਰਕੇ ਅਗਵਾਸ਼ੁਦਾ ਸੰਤੋਖ ਸਿੰਘ ਨੂੰ ਪਿੰਡ ਸਰਹਾਲਾ ਕਲਾਂ ਵਿਖੇ ਛੱਡ ਗਏ ਜਿਸ ਨੂੰ ਬਰਾਮਦ ਕੀਤਾ ਗਿਆ। ਜਿਸ ਨੇ ਦੱਸਿਆ ਕਿ ਉਸਨੂੰ ਕਮਲਜੀਤ ਸਿੰਘ ਉਰਫ ਕਮਲ ਪੁੱਤਰ ਸੁਖਵਿੰਦਰ ਸਿੰਘ ਕੌਮ ਜੱਟ ਵਾਸੀ ਭਾਣਾ ਥਾਣਾ ਮੇਹਟੀਆਣਾ, ਜਸਪ੍ਰੀਤ ਸਿੰਘ ਉਰਫ ਜੱਸਾ ਪੁੱਤਰ ਅਵਤਾਰ ਸਿੰਘ ਵਾਸੀ ਮਖਸੂਸਪੁਰ ਥਾਣਾ ਮੇਹਟੀਆਣਾ, ਕੁਲਦੀਪ ਸਿੰਘ ਉਰਫ ਦੀਪਾ ਪੁੱਤਰ ਕੇਹਰ ਸਿੰਘ ਕੌਮ ਰਾਜਪੂਤ ਵਾਸੀ ਖੇੜਾ ਥਾਣਾ ਮੇਹਟੀਆਣਾ ਨੇ ਅਗਵਾ ਕਰ ਲਿਆ ਸੀ ਅਤੇ ਉਸ ਨੂੰ ਛੱਡਣ ਦੇ ਬਦਲੇ ਉਸ ਦੇ ਪਰਿਵਾਰ ਪਾਸੋ 5 ਲੱਖ ਰੁਪਏ ਦੀ ਮੰਗ ਕਰ ਰਹੇ ਸਨ।

ਜੋ ਦੋਸ਼ੀਆਂ ਦੀ ਗ੍ਰਿਫਤਾਰੀ ਲਈ ਗਸ਼ਤ ਤੇ ਨਾਕਾਬੰਦੀ ਜਾਰੀ ਸੀ ਤਾਂ ਮਿਤੀ 14-08-17 ਨੂੰ ਦੌਰਾਨੇ ਨਾਕਾਬੰਦੀ ਅੱਡਾ ਪੁੱਲ ਨਹਿਰ ਪੰਜੋੜਾ ਵਿਖੇ ਐਸ ਆਈ ਸਰਬਜੀਤ ਸਿੰਘ ਵਲੋਂ ਕਮਲਜੀਤ ਸਿੰਘ ਉਰਫ ਕਮਲ, ਕੁਲਦੀਪ ਸਿੰਘ ਉਰਫ ਦੀਪਾ ਉਕਤਾਨ ਨੂੰ ਸਮੇਤ ਮੋਟਰਸਾਈਕਲ ਕਾਬੂ ਕਰਕੇ ਦੌਰਾਨੇ ਤਲਾਸ਼ੀ ਕਮਲਜੀਤ ਪਾਸੋਂ 112 ਗ੍ਰਾਮ ਅਤੇ ਕੁਲਦੀਪ ਸਿੰਘ ਪਾਸੋਂ 90 ਗ੍ਰਾਮ ਨਸ਼ੀਲਾ ਪਾਊਡਰ ਬ੍ਰਾਮਦ ਕਰਕੇ ਮੁਕੱਦਮਾ ਨੰ: 84 ਮਿਤੀ 14-08-17 ਅ/ਧ 22-61-85 ਐਨ.ਡੀ.ਪੀ.ਐਸ ਐਕਟ ਥਾਣਾ ਮੇਹਟੀਅਣਾ ਦਰਜ ਰਜਿਸ਼ਟਰ ਕੀਤਾ ਗਿਆ, ਇਸੇ ਤਰਾਂ ਪਿੰਡ ਮੰਨਣਹਾਨਾ ਦੇ ਮੌੜ ਪਰ ਦੌਰਾਨੇ ਨਾਕਾਬੰਦੀ ਏ.ਐਸ.ਆਈ ਬਲਵਿੰਦਰ ਸਿੰਘ ਵਲੋਂ ਜਸਪ੍ਰੀਤ ਸਿੰਘ ਉਰਫ ਜੱਸਾ ਨੂੰ ਕਾਬੂ ਕਰਕੇ ਉਸ ਪਾਸੋਂ ਦੌਰਾਨੇ ਤਲਾਸ਼ੀ 105 ਗ੍ਰਾਮ ਨਸ਼ੀਲਾ ਪਾਊਡਰ ਬ੍ਰਾਮਦ ਹੋਇਆ ਜਿਸ ਦੇ ਖਿਲਾਫ ਮੁਕੱਦਮਾ ਨੰ: 85 ਮਿਤੀ 14-08-17 ਅ/ਧ 22-61-85 ਐਨ.ਡੀ.ਪੀ.ਐਸ ਐਕਟ ਥਾਣਾ ਮੇਹਟੀਅਣਾ ਦਰਜ ਰਜਿਸ਼ਟਰ ਕੀਤਾ ਗਿਆ ਅਤੇ ਦੋਰਾਨੇ ਪੁੱਛ-ਗਿੱਛ ਉਕਤ ਦੋਸ਼ੀਆਂ ਨੇ ਆਪਣੇ ਕੀਤੇ ਹੋਏ ਜੁਰਮ ਨੂੰ ਮੰਨ ਲਿਆ ਹੈ ਕਿ ਉਹਨਾਂ ਨੇ ਸੰਤੋਖ ਸਿੰਘ ਉਕਤ ਨੂੰ ਨਸ਼ਾ ਖਰੀਦਣ ਲਈ ਪੈਸਿਆਂ ਦੀ ਖਾਤਿਰ ਅਗਵਾ ਕੀਤਾ ਸੀ। ਇਹਨਾਂ ਦੋਸ਼ੀਆਂ ਪਾਸੋਂ ਮਜੀਦ ਪੁਛਗਿਛ ਕੀਤੀ ਜਾ ਰਹੀ ਹੈ। ਜਿੰਨਾ ਨੂੰ ਪੇਸ਼ ਅਦਾਲਤ ਕੀਤਾ ਜਾ ਰਿਹਾ ਹੈ।